International Journal of Applied Research 2018; 4(5): 261-267




**ISSN Print:** 2394-7500
**ISSN Online:** 2394-5869
**Impact Factor:** 5.2
IJAR 2018; 4(5): 261-267
www.allresearchjournal.com
Received: 26-03-2018
Accepted: 29-04-2018

**ਡਾ. ਵਿਨੈਨੀਤ ਕੌਰ**
ਐਸੋਸੀਏਟ ਪ੍ਰੋਫੈਸਰ, ਸ੍ਰੀ ਗੁਰੂ ਨਾਨਕ ਦੇਵ ਖਾਲਸਾ ਕਾਲਜ, ਦੇਵ ਨਗਰ, ਨਵੀਂ ਦਿੱਲੀ, ਭਾਰਤ

Correspondence
**ਡਾ. ਵਿਨੈਨੀਤ ਕੌਰ**
ਐਸੋਸੀਏਟ ਪ੍ਰੋਫੈਸਰ, ਸ੍ਰੀ ਗੁਰੂ ਨਾਨਕ ਦੇਵ ਖਾਲਸਾ ਕਾਲਜ, ਦੇਵ ਨਗਰ, ਨਵੀਂ ਦਿੱਲੀ, ਭਾਰਤ

# ਪੰਜਾਬੀ ਸਿਨੇਮਾ

**ਡਾ. ਵਿਨੈਨੀਤ ਕੌਰ**

## ਪ੍ਰਸਤਾਵਨਾ

ਸਿਨੇਮਾ ਵਿਸ਼ਵ ਦੀਆਂ ਬਹੁਤੀਆਂ ਭਾਸ਼ਾਵਾਂ ਵਿਚ ਇਕ ਤਾਕਤਵਰ ਮੀਡੀਆ ਹੈ। ਖ਼ਾਸ ਕਰਕੇ ਪੰਜਾਬ/ਭਾਰਤ ਵਰਗੇ ਕੌਮੀ ਖਿੱਤਿਆਂ ਵਿਚ ਜਿੱਥੇ ਅਨਪੜ੍ਹਤਾ ਦੀ ਦਰ ਅਜੇ ਵੀ ਕਾਫ਼ੀ ਹੈ ਉਥੋਂ ਸਿਨੇਮਾ ਸੰਚਾਰ ਦਾ ਸਸਤਾ, ਰੌਚਕ ਅਤੇ ਆਕਰਸ਼ਕ ਸਾਧਨ ਹੈ। ਕੁੱਝ ਸਮਾਂ ਪਹਿਲਾਂ ਸੀ. ਡੀ., ਡੀ. ਵੀ. ਡੀ. ਅਤੇ ਟੀ. ਵੀ. ਦੇ ਸਿਨੇਮਾ ਚੈਨਲਾਂ ਅਤੇ ਹੁਣ ਇੰਟਰਨੈੱਟ ਰਾਹੀਂ ਫਿਲਮਾਂ ਹਰ ਗ਼ਰੀਬ ਅਮੀਰ ਤਕ ਪਹੁੰਚਦੀਆਂ ਹਨ। ਜਿੱਥੇ ਹਾਲੇ ਤਕ ਕਿਤਾਬਾਂ ਨਹੀਂ ਪਹੁੰਚ ਸਕੀਆਂ, ਫ਼ਿਲਮਾਂ ਪਹੁੰਚ ਜਾਂਦੀਆਂ ਹਨ। ਕਈ ਸਾਰੀਆਂ ਕਲਾਵਾਂ ਜਿਵੇਂ ਸਾਹਿਤ, ਗੀਤ, ਸੰਗੀਤ, ਚਿੱਤਰਕਲਾ, ਵੇਸ਼-ਭੂਸ਼ਾ, ਨਾਚ, ਨਾਟ ਆਦਿ ਦਾ ਮਿਸ਼ਰਣ ਹੋਣ ਕਾਰਣ ਇਹ ਹਰ ਕਿਸਮ ਦੇ ਦਰਸ਼ਕਾਂ ਨੂੰ ਆਪਣੇ ਕਲਾਵੇ ਵਿਚ ਲੈ ਲੈਂਦਾ ਹੈ।

ਕਿਸੇ ਵੀ ਦੇਸ਼ ਦੇ ਸੱਭਿਆਚਾਰਕ, ਧਾਰਮਕ, ਰਾਜਨੀਤਕ ਅਤੇ ਸਮਾਜਕ ਜੀਵਨ ਨੂੰ ਸਮਝਣ ਲਈ ਸਿਨੇਮਾ ਨਿਰਸੰਦੇਹ ਸ਼ਕਤੀਸ਼ਾਲੀ ਮਾਧਿਅਮ ਹੈ। ਸਿਨੇਮਾ ਵਿਅਕਤੀ ਦੇ ਦਿਲੋ ਦਿਮਾਗ ਨੂੰ ਵੇਖ, ਪੜ੍ਹ ਤੇ ਸਮਝ ਕੇ ਉਸ ਦੇ ਵਿਅਕਤੀਤਤਵ, ਦ੍ਰਿਸ਼ਟੀਕੋਣ, ਆਚਰਣ ਅਤੇ ਰਹਿਣ-ਸਹਿਣ ਦੇ ਢੰਗ ਨੂੰ ਜਿਸ ਤਰ੍ਹਾਂ ਪੇਸ਼ ਕਰਦਾ ਹੈ ਉਸ ਤਰ੍ਹਾਂ ਕੋਈ ਹੋਰ ਕਲਾ ਮਾਧਿਅਮ ਸ਼ਾਇਦ ਨਹੀਂ ਕਰ ਸਕਦਾ। ਇਸੇ ਕਾਰਣ ਸਿਨੇਮਾ ਆਮ ਲੋਕਾਂ ਨੂੰ ਸਹਿਜੇ ਹੀ ਅਪਾਣੇ ਨਾਲ ਜੋੜ ਲੈਂਦਾ ਹੈ। ਇਹ ਆਮ ਲੋਕਾਂ ਨੂੰ ਬਹੁਤ ਸੌਖੇ ਢੰਗ ਨਾਲ ਪ੍ਰਾਪਤ ਹੋਣ ਵਾਲਾ ਸਾਧਨ ਹੈ ਜੋ ਉਨ੍ਹਾਂ ਨੂੰ ਮਨੋਰੰਜਨ ਦੇ ਨਾਲ-ਨਾਲ ਜਾਣਕਾਰੀ ਵੀ ਦਿੰਦਾ ਹੈ। ਇਸੇ ਕਾਰਣ ਸਾਧਾਰਣ ਲੋਕਾਂ ਦੀ ਵਧੇਰੇ ਜਨਸੰਖਿਆ ਵਾਲਾ ਸਾਡਾ ਦੇਸ਼, ਦੁਨੀਆਂ ਵਿਚ ਸਭ ਤੋਂ ਵੱਧ ਫਿਲਮਾਂ ਬਨਾਉਣ ਵਾਲਾ ਦੇਸ਼ ਹੈ। ਗਿਣਤੀ ਦੇ ਪੱਖੋਂ ਸਾਡੇ ਦੇਸ਼ ਵਿਚ ਹਰ ਸਾਲ ਪੂਰੇ ਸੰਸਾਰ ਦੇ ਮੁਕਾਬਲੇ ਸਭ ਤੋਂ ਵੱਧ ਤੇਲਗੂ, ਬੰਗਾਲੀ, ਮਲਿਆਲਮ, ਮਰਾਠੀ, ਗੁਜਰਾਤੀ, ਕੰਨੜ ਭਾਸ਼ਾਵਾਂ ਵਿਚ ਫਿਲਮਾਂ ਬਣਦੀਆਂ ਹਨ, ਪਰ ਇਨ੍ਹਾਂ ਤੋਂ ਇਲਾਵਾ ਅਸਾਮੀ, ਉੜੀਆ, ਹਰਿਆਣਵੀ, ਰਾਜਸਥਾਨੀ ਭਾਸ਼ਾਵਾਂ ਵਿਚ ਵੀ ਫਿਲਮਾਂ ਦਾ ਨਿਰਮਾਣ ਹੁੰਦਾ ਰਹਿੰਦਾ ਹੈ। ਹੁਣ ਪਿਛਲੇ ਕੁਝ ਸਮੇਂ ਤੋਂ ਗਿਣਤੀ ਦੇ ਪੱਖੋਂ ਭੋਜਪੁਰੀ ਫਿਲਮਾਂ ਵੀ ਕਾਫ਼ੀ ਅੱਗੇ ਨਿਕਲ ਗਈਆਂ ਹਨ। ਇਸ ਸਥਿਤੀ ਵਿਚ ਪੰਜਾਬੀ ਸਭਿਆਚਾਰ ਕੋਲ ਆਪਣਾ ਸਾਫ਼ ਸੁਥਰਾ ਸਿਨੇਮਾ ਹੋਣਾ ਬਹੁਤ ਜ਼ਰੂਰੀ ਹੈ।

ਪੰਜਾਬੀ ਸਿਨੇਮਾ ਇਕ ਵਾਰ ਰਸਾਤਲ ਵਿਚ ਜਾਣ ਤੋਂ ਬਾਅਦ ਦੁਬਾਰਾ ਫਿਰ ਉਭਰਿਆ ਹੈ। ਪਿਛਲੇ ਕੁਝ ਸਾਲਾਂ ਵਿਚ ਪੰਜਾਬੀ ਸਿਨੇਮਾ ਨੇ ਕਈ ਫ਼ਿਲਮਾਂ ਦੇ ਕੇ ਨਵੇਂ ਸਿਰਿਉਂ ਸ਼ੁਰੂਆਤ ਕੀਤੀ ਹੈ। ਸਿਨੇਮਾ ਨੂੰ ਇਕ ਤਾਕਤਵਰ ਸਭਿਆਚਾਰਕ ਪ੍ਰਵਚਨ ਮੰਨਣ ਵਾਲੇ ਲੋਕਾਂ ਨੇ ਨਵੀਆਂ ਪੰਜਾਬੀ ਫ਼ਿਲਮਾਂ ਦਾ ਸਵਾਗਤ ਕੀਤਾ ਹੈ। ਇਥੇ ਸਾਡੀ ਚਰਚਾ ਦਾ ਵਿਸ਼ਾ ਪੰਜਾਬੀ ਫ਼ਿਲਮਾਂ ਦੀ ਵਰਤਮਾਨ ਸਥਿਤੀ ਹੈ।

ਪੰਜਾਬੀ ਫ਼ਿਲਮਾਂ ਦੇ ਸਮਕਾਲ ਬਾਰੇ ਗੱਲ ਕਰਨ ਤੋਂ ਪਹਿਲਾਂ ਇਹ ਗੱਲ ਜਾਨਣੀ ਜ਼ਰੂਰੀ ਹੈ ਕਿ ਜਿੱਥੇ ਅੱਜ ਭਾਰਤੀ ਫ਼ਿਲਮਾਂ ਉਮਰ ਇਕ ਸਦੀ ਹੋ ਗਈ ਹੈ (ਭਾਰਤ ਵਿਚ ਪਹਿਲੀ ਫ਼ਿਲਮ *1913* ਵਿਚ ਬਣੀ ਜਿਸਦਾ ਨਾਮ ਸੀ 'ਰਾਜਾ ਹੀਰਸ਼ ਚੰਦਰ') ਉਥੇ ਪੰਜਾਬੀ ਫ਼ਿਲਮਾਂ ਦੀ ਉਮਰ ਲਗਭਗ ਪੌਣੀ ਸਦੀ ਹੋ ਰਹੀ ਹੈ (ਪੰਜਾਬੀ ਦੀ ਪਹਿਲੀ ਫ਼ਿਲਮ *1935* ਵਿਚ ਬਣੀ ਜਿਸਦਾ ਨਾਮ 'ਸ਼ੈਲੋ' ਸੀ) ਜੇਕਰ ਇਸ ਹਿਸਾਬ ਨਾਲ ਵੇਖਿਆ ਜਾਵੇ ਤਾਂ ਪੰਜਾਬੀ ਸਿਨੇਮਾ ਭਾਰਤੀ ਸਿਨੇਮਾ ਤੋਂ ਸਿਰਫ਼ ਬਾਈ ਸਾਲ ਛੋਟਾ ਹੈ ਭਾਵ ਬਾਈ ਸਾਲ ਪਿੱਛੇ ਹੈ ਪਰ ਜਦ ਅਸੀਂ ਭਾਰਤੀ ਸਿਨੇਮਾ ਨਾਲ, ਜੋ ਕਿ ਮੂਲ ਰੂਪ ਵਿਚ ਹਿੰਦੀ ਜਾਂ ਹਿੰਦੋਸਤਾਨੀ ਭਾਸ਼ਾ ਦਾ ਸਿਨੇਮਾ ਹੈ, ਪੰਜਾਬੀ ਸਿਨੇਮਾ ਦੀ ਗੁਣਾਤਮਕ ਤੁਲਨਾ ਕਰਦੇ ਹਾਂ ਤਾਂ ਇਹ ਬਾਈ ਸਾਲ ਦਾ ਵਕਫ਼ਾ ਵਧੇਰੇ ਵੱਡਾ ਲੱਗਣ ਲੱਗ ਪੈਂਦਾ ਹੈ ਭਾਵ ਪੰਜਾਬੀ ਸਿਨੇਮਾ, ਭਾਰਤੀ ਸਿਨੇਮਾ ਤੋਂ ਗੁਣਾਤਮਕ ਪੱਖੋਂ ਆਪਣੇ ਜਨਮ ਨਾਲੋਂ ਵੱਧ ਪੱਛੜਿਆ ਹੈ।

ਹੁਣ ਗੱਲ ਸ਼ੁਰੂ ਕਰਦੇ ਹਾਂ ਸਮਕਾਲੀ ਪੰਜਾਬੀ ਸਿਨੇਮਾ ਦੀ। ਪੰਜਾਬੀ ਫ਼ਿਲਮਾਂ ਦੇ ਸਮਕਾਲੀ ਸਰੂਪ ਦੀ ਗੱਲ ਕਰਨ ਸਮੇਂ ਸਾਨੂੰ ਲੱਗਭੱਗ ਸੰਨ *2000* ਤੋਂ ਅਗਲੇ ਦਸ਼ਕ ਵਾਲਾ ਸਮਾਂ ਅਧਿਐਨ ਲਈ ਮਿਥਣਾ ਪਵੇਗਾ। ਇਹ ਉਹ ਸਮਾਂ ਹੈ ਜਦ ਪੰਜਾਬ ਦਾ ਮਾਹੌਲ ਰਾਜਨੀਤਕ ਤੌਰ 'ਤੇ ਲੱਗਭੱਗ ਸ਼ਾਂਤ ਹੋ ਚੁੱਕਿਆ ਸੀ। ਰਾਜਨੀਤੀ, ਧਰਮ ਅਤੇ ਕਾਨੂੰਨ ਤੋਂ ਅੱਕੇ ਤੇ ਥੱਕੇ ਪੰਜਾਬੀਆਂ ਨੇ ਸਭਿਆਚਾਰਕ ਅਤੇ ਸਮਾਜਿਕ ਪੱਖ ਤੋਂ ਇਕ ਨਵੀਂ ਸ਼ੁਰੂਆਤ ਅਰੰਭ ਕੀਤੀ ਸੀ। ਇਸ ਸਮੇਂ ਦੌਰਾਨ ਪੰਜਾਬ ਵਿਚ ਪੇਂਡੂ ਖੇਡ ਮੇਲਿਆਂ, ਸਭਿਆਚਾਰਕ ਮੇਲਿਆਂ, ਕੈਸਟ ਕੰਪਨੀਆਂ, ਗਾਇਕਾਂ ਅਤੇ ਵਿਭਿੰਨ ਟੀ. ਵੀ. ਚੈਨਲਾਂ ਦਾ ਹੜ੍ਹ ਜਿਹਾ ਆ ਗਿਆ ਸੀ। ਸੰਸਾਰਕ ਪੱਧਰ 'ਤੇ ਵੀ ਪੂੰਜੀਵਾਦ ਨੇ ਆਪਣੀ ਤਾਸ਼ ਨਵੇਂ ਸਿਰਿਉਂ ਵਿਛਾਈ ਸੀ। ਇਸੇ ਸਮੇਂ ਦੌਰਾਨ ਹੀ ਸ਼ਹਿਰਾਂ ਵਿਚ ਸ਼ਾਪਿੰਗ ਮਾਲ ਖੁੱਲਣੇ ਸ਼ੁਰੂ ਹੋਏ, ਮਲਟੀਪਲੈਕਸ ਫਿਲਮ ਥੀਏਟਰ ਬਣਨੇ ਸ਼ੁਰੂ ਹੋਏ। ਇਸੇ ਸਮੇਂ ਦੌਰਾਨ ਭਾਰਤੀ ਸਿਨੇਮਾ ਸੱਨਅਤ ਦਾ ਰੂਪ ਅਖਤਿਆਰ ਕਰਨ ਲੱਗਿਆ ਅਤੇ ਫ਼ਿਲਮ ਨਿਰਮਾਣ ਵਿਚ ਉਦਯੋਗਿਕ ਘਰਾਣਿਆਂ ਨੇ ਆਪਣਾ ਪੈਸਾ ਲਾਉਣਾ ਸ਼ੁਰੂ ਕਰ ਦਿੱਤਾ। ਬਹੁਤ ਸਾਰੇ ਕਾਰਪੋਰੇਟ ਹਾਊਸ ਫਿਲਮ ਨਿਰਮਾਣ ਨੂੰ ਲਾਹੇਵੰਦ ਧੰਦਾ ਸਮਝਦੇ ਹੋਏ ਇਸ ਖੇਤਰ ਵਿਚ ਆ ਗਏ। ਇਸੇ ਸਮੇਂ ਦੌਰਾਨ ਫ਼ਿਲਮ ਨਿਰਮਾਣ ਨਾਲ ਕਲਾ ਅਤੇ ਪ੍ਰਤਿਭਾ ਤੋਂ ਇਲਾਵਾ ਬਿਜਨਸ ਮਨੈਜਮੈਂਟ ਦਾ ਫੰਡਾ ਵੀ ਜੁੜ ਗਿਆ। ਉਦਯੋਗਿਕ ਘਰਾਣਿਆਂ ਨੇ ਫ਼ਿਲਮ ਨਿਰਮਾਣ ਵਿਚ ਜਿੱਥੇ ਪੈਸਾ ਲਾਇਆ, ਉਥੇ ਆਪਣੇ ਮੁਨਾਫ਼ੇ ਲਈ ਨਵੇਂ ਰਾਹ ਵੀ ਲੱਭੇ ਅਤੇ ਫ਼ਿਲਮ ਵਪਾਰ ਨਾਲ ਸੰਬੰਧਿਤ ਨਵੀਆਂ ਦੁਕਾਨਾਂ ਵੀ ਖੋਲ੍ਹੀਆਂ ਜਿਵੇਂ ਕਿ ਫ਼ਿਲਮ ਦੇ ਸਾਡੇ ਦੇਸ਼ ਵਿਚ ਪ੍ਰਦਰਸ਼ਨ ਲਈ ਵੱਖਰੇ ਤੌਰ ਤੇ ਅਧਿਕਾਰ ਵੇਚੇ ਜਾਣ ਲੱਗੇ ਅਤੇ ਸਮੁੰਦਰੋਂ ਪਾਰਲੇ ਦੇਸ਼ਾਂ ਲਈ ਵੱਖਰਾ ਪੈਸਾ ਲਿਆ ਜਾਣ ਲੱਗਿਆ ਅਤੇ ਫ਼ਿਲਮ ਦੇ ਵੀਡੀਓ ਪ੍ਰਦਰਸ਼ਨ ਦੇ ਅਧਿਕਾਰਾਂ ਦੀ ਵੱਖਰੀ ਬੋਲੀ ਲੱਗਣ ਲੱਗ ਪਈ। ਫ਼ਿਲਮ ਦੇ ਟੈਲੀਵਿਜਨ ਪ੍ਰਦਰਸ਼ਨ ਲਈ ਵੀ ਮੋਟੀ ਰਕਮ ਲੈ ਕੇ ਅਧਿਕਾਰ ਵੇਚੇ ਜਾਣ ਲੱਗੇ। ਇਸ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਵਿਚ ਫ਼ਿਲਮ ਨੂੰ ਡੱਬ ਕਰਨ ਦੇ ਅਧਿਕਾਰਾਂ ਦਾ ਵੀ ਮੁੱਲ ਪੈਣ ਲੱਗ ਪਿਆ। ਫ਼ਿਲਮ ਦੇ ਗੀਤ-ਸੰਗੀਤ ਨੂੰ ਕੈਸਿਟਾਂ ਅਤੇ ਸੀ. ਡੀ. ਦੇ ਰੂਪ ਵਿਚ ਵੇਚਣ ਤੋਂ ਇਲਾਵਾ ਕੈਸਿਟ ਕੰਪਨੀਆਂ ਨੇ ਇਹਨਾਂ ਨੂੰ ਮੋਬਾਇਲ ਫੋਨ ਦੀਆਂ ਕਾਲਰ ਟਿਊਨਜ਼ ਅਤੇ ਰਿੰਗ ਟਿਊਨਜ਼ ਬਣਾ ਕੇ ਵੀ ਵੇਚਣਾ ਸ਼ੁਰੂ ਕਰ ਦਿੱਤਾ। ਇਹ ਸਾਰਾ ਕੁਝ ਏਨੀ ਤੇਜ਼ੀ ਨਾਲ ਵਾਪਰਿਆ ਕਿ ਸਾਡੇ ਰਿਵਾਇਤੀ ਫ਼ਿਲਮਾਕਾਰ ਬਸ ਵੇਖਦੇ ਹੀ ਰਹਿ ਗਏ ਅਤੇ ਖੇਡ ਉਨ੍ਹਾਂ ਦੇ ਹੱਥੋਂ ਨਿਕਲ ਗਈ। ਭਾਰਤੀ ਫ਼ਿਲਮਾਂ ਵਿਚ ਨਵੇਂ ਫ਼ਿਲਮਕਾਰਾਂ ਦੀ ਆਮਦ ਹੋਈ ਜਿਨ੍ਹਾਂ ਨੇ ਵਿਦੇਸ਼ਾਂ ਤੋਂ ਫਿਲਮ ਮੇਕਿੰਗ ਦੇ ਕੋਰਸ ਤਾਂ ਕੀਤੇ ਹੀ ਸਨ ਨਾਲ ਦੀ ਨਾਲ ਬਿਜਨਸ ਮਨੈਜਮੈਂਟ ਦੀ ਡਿਗਰੀ ਵੀ ਉਨ੍ਹਾਂ ਕੋਲ ਸੀ। ਇਸ ਸਾਰੇ ਲਾਮ ਲਸ਼ਕਰ ਨਾਲ ਮੋਢੇ ਨਾਲ ਮੋਢਾ ਜੁੜਕੇ ਤੁਰ ਰਿਹਾ ਸੀ ਇਲੈਕਟ੍ਰਾਨਿਕ ਮੀਡੀਆ ਅਤੇ ਪ੍ਰੈਸ।

ਇਸ ਸਮੇਂ ਦੌਰਾਨ ਕੈਸਿਟ ਕੰਪਨੀਆਂ ਨੇ ਪੰਜਾਬੀ ਗਾਇਕਾਂ ਦੀਆਂ ਕੈਸਿਟਾਂ ਬਹੁ-ਗਿਣਤੀ ਵਿਚ ਰਿਕਾਰਡ ਕੀਤੀਆਂ ਜਿਨ੍ਹਾਂ ਦੇ ਪ੍ਰਚਾਰ ਲਈ ਗੀਤਾਂ ਦੇ ਵੀਡੀਓ ਬਣਾਏ ਜਾਣ ਲੱਗੇ। ਵੱਖ

ਵੱਖ ਚੈਨਲਾਂ ਉੱਪਰ ਇਹ ਵੀਡੀਓ ਵਿਖਾਏ ਜਾਂਦੇ ਅਤੇ ਆਮ ਲੋਕਾਂ ਵੱਲੋਂ ਇਹ ਪਸੰਦ ਵੀ ਕੀਤੇ ਜਾਂਦੇ। ਇਹਨਾਂ ਨਾਲ ਪੰਜਾਬੀ ਗਾਇਕਾਂ ਲਈ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ 'ਤੇ ਆਪਣੀ ਪਛਾਣ ਬਣਾਉਣ ਦਾ ਰਾਹ ਖੁੱਲ੍ਹ ਗਿਆ। ਜਿਵੇਂ ਜਿਵੇਂ ਕੈਸਿਟ ਕੰਪਨੀਆਂ ਲਈ ਪੰਜਾਬੀ ਗਾਇਕੀ ਫਾਇਦੇ ਵਾਲਾ ਧੰਦਾ ਬਣੀ ਉਵੇਂ-ਉਵੇਂ ਰਾਸ਼ਟਰੀ ਅਤੇ ਬਹੁ-ਰਾਸ਼ਟਰੀ ਕੰਪਨੀਆਂ ਇਸ ਖੇਤਰ ਵਿਚ ਵੱਧ-ਚੜ੍ਹ ਕੇ ਪੈਸਾ ਲਾਉਣ ਲੱਗ ਪਈਆਂ। ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਚੈਨਲ, ਪ੍ਰੈਸ ਮੀਡਿਆ ਵੀ ਪੰਜਾਬੀ ਗਾਇਕੀ ਵੱਲ ਵਧੇਰੇ ਧਿਆਨ ਦੇਣ ਲੱਗ ਪਿਆ। ਇਸ ਵਕਤ ਕੁਝ ਦਿਮਾਗਾਂ ਵਿਚ ਪੰਜਾਬੀ ਫ਼ਿਲਮਾਂ ਦੇ 'ਪੁਨਰ ਸੁਰਜੀਤੀ ਕਰਨ' ਦਾ ਫੁਰਨਾ ਫੁਰਿਆ। ਇਸ ਫੁਰਨੇ ਦੇ ਪਿੱਛੇ ਬੜੀ ਗਿਣੀ-ਮਿਥੀ ਸੋਚ ਕੰਮ ਕਰ ਰਹੀ ਸੀ। ਉਹ ਸੋਚ ਪੰਜਾਬੀ ਲੋਕ ਮਾਨਸਿਕਤਾ ਨੂੰ ਪੜ੍ਹ ਅਤੇ ਸਮਝ ਚੁੱਕੀ ਸੀ। ਉਹ ਲੋਕ ਇਹ ਜਾਣਦੇ ਸਨ ਕਿ ਜੇ ਇਕ ਪੰਜਾਬੀ ਗੀਤ ਦਾ ਤਿੰਨ ਮਿੰਟ ਦਾ ਵੀਡੀਓ ਲੋਕ ਚਾਅ ਨਾਲ ਵੇਖਦੇ ਹਨ ਤਾਂ ਉਹ ਢਾਈ-ਤਿੰਨ ਘੰਟੇ ਦਾ ਮਿਊਜ਼ਿਕ ਵੀਡਿਓ ਹੋਰ ਵੀ ਵਧੇਰੇ ਦਿਲਚਸਪੀ ਨਾਲ ਵੇਖਣਗੇ। ਇੱਥੇ ਫ਼ਿਲਮ ਲਈ ਮਿਊਜ਼ਿਕ ਵੀਡਿਓ ਸ਼ਬਦ ਇਸ ਲਈ ਵਰਤਿਆ ਹੈ ਕਿਉਂਕਿ ਇਸ ਸਮੇਂ ਦੌਰਾਨ ਬਣੀਆਂ ਫ਼ਿਲਮਾਂ , ਫਿਲਮਾਂ ਤੋਂ ਵੱਧ ਮਿਊਜ਼ਿਕ ਵੀਡਿਓ ਦੀ ਤਕਨੀਕ ਦੇ ਨੇੜੇ ਹਨ। ਇਹਨਾਂ ਫ਼ਿਲਮਾਂ ਵਿਚ ਪੰਜਾਬੀ ਦੇ ਨਮਵਰ ਗਾਇਕ ਹੀ ਨਾਇਕ ਹਨ। ਇਹਨਾਂ ਫ਼ਿਲਮਾਂ ਵਿਚ ਅੱਠ-ਦਸ ਗੀਤ ਪਾ ਕੇ ਉਹਨਾਂ ਨੂੰ ਸੋਹਣੀਆਂ ਲੋਕੇਸ਼ਨਜ 'ਤੇ ਸੋਹਣੇ ਮੁੰਡੇ-ਕੁੜੀਆਂ ਨਾਲ ਸ਼ੂਟ ਕਰਕੇ ਇਹਨਾਂ ਫ਼ਿਲਮਾਂ ਦੇ ਨਿਰਮਾਤਾ, ਲੇਖਕ ਅਤੇ ਨਿਰਦੇਸ਼ਕ ਲੋਕਾਂ ਨੇ ਬੁੱਧੀਜੀਵੀ ਦਰਸ਼ਕਾਂ ਨੂੰ ਪਹਿਲੀ ਨਜ਼ਰੇ ਹੀ ਪੰਜਾਬੀ ਸਿਨੇਮਾ ਪ੍ਰਤੀ ਆਪਣੀ 'ਇਮਾਨਦਾਰੀ" ਅਤੇ 'ਗੰਭੀਰਤਾ" ਦਾ ਸਬੂਤ ਦਿੱਤਾ। ਇਥੇ ਇਹ ਗੱਲ ਸਪੱਸ਼ਟ ਕਰਨੀ ਵੀ ਜ਼ਰੂਰੀ ਹੈ ਕਿ ਜਿਥੇ ਬਾਜ਼ਾਰਵਾਦ ਨੂੰ ਧਿਆਨ 'ਚ ਰੱਖਕੇ, ਸਮੁੰਦਰੋਂ ਪਾਰ ਦੇ ਦਰਸ਼ਕਾਂ ਬਾਰੇ ਵਿਚਾਰਕੇ ਇਕੋ ਜਿਹੀਆਂ ਕਹਾਣੀਆਂ ਅਤੇ ਲੱਗਭੱਗ ਇਕੋ ਜਿਹੀ ਸਟਾਰ ਕਾਸਟ ਨਾਲ ਇੱਕੋ ਜਿਹੀਆਂ ਫ਼ਿਲਮਾਂ ਦਾ ਨਿਰਮਾਣ ਕੀਤਾ ਗਿਆ ਉਥੇ ਆਪਣੇ ਘਰੇਲੂ ਬੈਨਰ ਹੇਠ ਇਸੇ ਸਮੇਂ ਦੌਰਾਨ ਮੁਕਾਬਲਤਨ ਵਧੇਰੇ ਸਾਰਥਕ ਫ਼ਿਲਮਾਂ ਦਾ ਨਿਰਮਾਣ ਕੀਤਾ ਗਿਆ ਹੈ। ਇਨ੍ਹਾਂ ਫ਼ਿਲਮਾਂ ਨੇ ਸਫ਼ਲਤਾ ਵੀ ਹਾਸਲ ਕੀਤੀ ਹੈ।

ਪਾਪੂਲਰ ਫ਼ਿਲਮਾਂ ਆਮ ਲੋਕਾਂ ਦੀ ਜ਼ਿੰਦਗੀ ਦਾ ਜਿਊਂਦਾ ਇਤਿਹਾਸ ਦੁਨੀਆਂ ਹਨ। ਇਨ੍ਹਾਂ ਵਿਚ ਵੱਡੀਆਂ ਇਤਿਹਾਸਕ ਘਟਨਾਵਾਂ ਜਾਂ ਮੈਨੀਫੈਸਟ ਹਿਸਟਰੀ ਨਹੀਂ ਹੁੰਦੀ। ਪਿਛਲੇ ਦੋ-ਤਿੰਨ ਦਹਾਕਿਆਂ ਵਿਚ ਪੰਜਾਬੀ ਸਭਿਆਚਾਰ ਵਿਚ ਵੱਡੀਆਂ ਤਬਦੀਲੀਆਂ ਵਾਪਰੀਆਂ ਹਨ ਜਿਸਦਾ ਅਸਰ ਫ਼ਿਲਮਾਂ ਤੇ ਵੀ ਪਿਆ ਹੈ। ਨਵਾਂ ਪੰਜਾਬੀ ਸਿਨੇਮਾ ਇਸ ਬਦਲੇ ਹੋਏ ਸਭਿਆਚਾਰਕ ਦ੍ਰਿਸ਼ ਵਿਚੋਂ ਪੰਜਾਬੀ ਜੀਵਨ ਦੀ ਤਸਵੀਰ ਪੇਸ਼ ਕਰਦਾ ਹੈ।

ਕਿਸੇ ਕੌਮ ਨੂੰ ਆਪਣੀ ਹੋਂਦ ਤੇ ਹੋਣੀ ਦੀ ਵਿਆਖਿਆ ਲਈ ਸਿਨੇਮੇ ਵਰਗੇ ਮਾਧਿਅਮ ਦੀ ਜ਼ਰੂਰਤ ਬਹੁਤ ਲਾਜ਼ਮੀ ਹੈ। ਦੇਸ਼ ਵੰਡ ਤੋਂ ਬਾਅਦ ਪੰਜਾਬੀ ਸਿਨੇਮਾ ਦੋ ਦੇਸ਼ਾਂ ਵਿਚ ਵੰਡੇ ਜਾਣ ਕਾਰਨ ਕਮਜ਼ੋਰ ਪੈ ਜਾਂਦਾ ਹੈ। ਲਾਹੌਰ ਦੀ ਅੱਧੀ ਫ਼ਿਲਮ ਸਨਅਤ ਮੁੰਬਈ ਸ਼ਿਫਟ ਹੋ ਜਾਂਦੀ ਹੈ। ਵੀਹਵੀਂ ਸਦੀ ਦੇ ਪਿਛਲੇ ਅੱਧ ਦੌਰਾਨ ਪੰਜਾਬੀ ਫ਼ਿਲਮਾਂ ਦੀ ਆਪਣੀ ਕੋਈ ਸਿਟੀ ਸਥਾਪਤ ਨਹੀਂ ਹੋ ਸਕੀ। ਇਹ ਪੰਜਾਬੀ ਫ਼ਿਲਮ ਬਣਾਉਣ ਵਾਲਿਆਂ ਦੀ ਹਿੰਮਤ ਹੀ ਸੀ ਕਿ ਉਹ ਹਵਾ ਵਿਚ ਲਟਕਦੇ ਹੋਏ ਵੀ ਹਿੰਦੀ ਫ਼ਿਲਮ ਇੰਡਸਟਰੀ ਦੇ ਤਕਨੀਸ਼ਨਾਂ ਦੇ ਸਹਾਰੇ ਪੰਜਾਬੀ ਸਿਨੇਮੇ ਨੂੰ ਜਿਊਂਦਾ ਰੱਖ ਸਕੇ।

ਪੰਜਾਬੀ ਲੋਕ ਗੀਤਾਂ, ਪਾਪੂਲਰ ਗੀਤਾਂ ਤੇ ਸਾਹਿਤ ਵਾਂਗ ਹੀ ਪੰਜਾਬੀ ਫ਼ਿਲਮਾਂ ਵੀ ਜੱਟ ਕੇਂਦਰਿਤ ਰਹੀਆਂ ਹਨ। ਵੀਹਵੀਂ ਸਦੀ ਦੇ ਪਿਛਲੇ ਬਾਰਾਂ ਸਾਲਾਂ ਦੇ ਅਰਸੇ ਦੌਰਾਨ ਜੱਟ ਦੇ ਨਾਮ ਤੇ ਅਜਿਹੀਆਂ ਫ਼ਿਲਮਾਂ ਬਣੀਆਂ ਜਿਨ੍ਹਾਂ ਦਾ ਹਰਾ ਇਨਕਲਾਬ ਲਿਆ ਰਹੇ ਕਿਸਾਨ, ਪੰਜਾਬ ਸੰਕਟ ਦੀ ਮਾਰ ਝੱਲ ਰਹੇ ਕਿਸਾਨ ਅਤੇ ਕਰਜ਼ੇ ਦੇ ਬੋਝ ਥੱਲੇ ਦਮ ਤੋੜ ਰਹੇ ਕਿਸਾਨ ਨਾਲ ਦੂਰ ਦਾ ਵੀ ਵਾਸਤਾ ਨਹੀਂ ਸੀ। ਇਨ੍ਹਾਂ ਫ਼ਿਲਮਾਂ ਵਿਚ ਬਦਮਾਸ਼ ਕਿਸਮ ਦਾ ਨਾਇਕ ਸਾਮ੍ਹਣੇ ਆਉਂਦਾ ਹੈ, ਜਿਸਦੇ ਪਹਿਰਾਵੇ ਤੇ ਭਾਸ਼ਾ ਦਾ ਆਮ ਪੰਜਾਬੀ ਕਿਸਾਨ ਦੀ ਜ਼ਿੰਦਗੀ ਨਾਲ ਕੋਈ ਵਾਸਤਾ ਨਹੀਂ ਸੀ। ਇਨ੍ਹਾਂ ਫ਼ਿਲਮਾਂ ਨੇ ਪੰਜਾਬੀ ਸਿਨੇਮੇ ਦੀ ਬੇੜੀ ਵਿਚ ਵੱਟੇ ਪਾਉਣ ਦਾ ਕੰਮ ਕੀਤਾ। ਪੰਜਾਬ ਦੇ ਪੇਂਡੂ ਤੇ ਸ਼ਹਿਰੀ ਪੜ੍ਹੇ ਲਿਖੇ ਵਰਗ ਨੇ ਇਨ੍ਹਾਂ ਫ਼ਿਲਮਾਂ ਨਾਲੋਂ ਆਪਣਾ ਨਾਤਾ ਪੂਰੀ ਤਰ੍ਹਾਂ ਤੋੜ ਲਿਆ।

ਰੌਚਿਕ ਤੱਥ ਇਹ ਹੈ ਕਿ ਇਸ ਦੌਰਾਨ ਜਾਂ ਇਸ ਤੋਂ ਬਾਅਦ ਦੁਨੀਆਂ ਦੀ ਦੂਜੇ ਸਥਾਨ ਦੀ ਸਭ ਤੋਂ ਵੱਡੀ ਹਿੰਦੀ ਫ਼ਿਲਮ ਸਨਅਤ ਪੰਜਾਬੀ ਜੀਵਨ ਨੂੰ ਏਨਾਂ ਜ਼ਰਖੇਜ਼ ਸਮਝਦੀ ਹੈ ਕਿ

ਉਨ੍ਹਾਂ ਨੂੰ ਆਪਣੀਆਂ ਅੱਧੀਆਂ ਫ਼ਿਲਮਾਂ ਦੀ ਕਲਮ ਪੰਜਾਬੀ ਜੀਵਨ ਵਿਚ ਲਗਾਉਣੀ ਪੈਂਦੀ ਹੈ। ਹਾਲਾਂਕਿ ਹਿੰਦੀ ਜੀਵਨ ਦਾ ਆਪਣਾ ਭੂਗੋਲਿਕ ਖੇਤਰ ਪੰਜ ਸੂਬਿਆਂ ਵਿਚ ਫੈਲਿਆ ਹੋਇਆ ਹੈ ਪਰ ਹਿੰਦੀ ਜੀਵਨ ਫ਼ਿਲਮ ਮੇਕਰਾਂ ਨੂੰ ਆਕਰਸ਼ਿਤ ਨਹੀਂ ਕਰਦਾ। ਇਨ੍ਹਾਂ ਫ਼ਿਲਮਾਂ ਦਾ ਗੀਤ ਸੰਗੀਤ ਤਾਂ ਪੰਜਾਬੀ ਹੁੰਦਾ ਹੀ ਹੈ ਇਨ੍ਹਾਂ ਦੇ ਵਾਰਤਾਲਾਪਾਂ ਦੀ ਭਾਸ਼ਾ ਵੀ ਵਿਸ਼ੇਸ਼ ਅਧਿਐਨ ਦੀ ਮੰਗ ਕਰਦੀ ਹੈ। ਇਸਨੂੰ ਹਿੰਜਾਬੀ ਜਾਂ ਪਿੰਦੀ ਦਾ ਨਾਮ ਦਿੱਤਾ ਜਾ ਸਕਦਾ ਹੈ। ਇਸ ਕਿਸਮ ਦੀਆਂ ਫ਼ਿਲਮਾਂ ਵਿਚ 'ਏਕ ਚਾਦਰ ਮੈਲੀ ਸੀ', 'ਵਾਰਿਸ', 'ਗਦਰ', 'ਬਾਰਡਰ', 'ਹਵਾਏਂ', 'ਦਿਲ ਵਾਲੇ ਦੁਲਹਨੀਆ ਲੇ ਜਾਏਂਗੇ', 'ਵੀਰ ਜ਼ਾਰਾ', 'ਪਿੰਜਰ', 'ਹੀਰੋਜ਼', 'ਮੰਮੀ', 'ਰੱਬ ਨੇ ਬਨਾਦੀ ਜੋੜੀ', 'ਬਾਦਲ', 'ਮਾਚਿਸ', 'ਅਮੂ', 'ਸਿੰਘ ਇਜ਼ ਕਿੰਗ', 'ਓਏ ਲੱਕੀ ਲੱਕੀ ਓਏ' ਆਦਿ ਫ਼ਿਲਮਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ।

ਨਵੀਆਂ ਪੰਜਾਬੀ ਫ਼ਿਲਮਾਂ ਵਿਚ ਸਭ ਤੋਂ ਵੱਧ ਧਿਆਨ ਆਕਰਸ਼ਿਤ ਕਰਨ ਵਾਲਾ ਲੱਛਣ ਇਨ੍ਹਾਂ ਫ਼ਿਲਮਾਂ ਦੇ ਵਾਰਤਾਲਾਪਾਂ ਦੀ ਭਾਸ਼ਾ ਹੈ। ਪੁਰਾਣੀਆਂ ਪੰਜਾਬੀ ਫ਼ਿਲਮਾਂ ਦੀ ਦੋ ਅਰਥੀ ਅਤੇ ਮੂੜ੍ਹ ਭਾਸ਼ਾ ਦੇ ਉਲਟ ਇਨ੍ਹਾਂ ਫ਼ਿਲਮਾਂ ਦੀ ਭਾਸ਼ਾ ਸਾਫ਼ ਸੁਥਰੀ ਤੇ ਮਿੱਠੀ ਹੈ। ਇਹ ਉਹ ਪੰਜਾਬੀ ਫ਼ਿਲਮ ਹੈ ਜਿਸਨੂੰ ਪੰਜਾਬ ਦਾ ਉਹ ਵਰਗ ਬੋਲਦਾ ਹੈ ਜਿਹੜਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਸੁਚੇਤ ਜਾਂ ਅਚੇਤ ਮੁਹੱਬਤ ਕਰਦਾ ਹੈ। ਇਸ ਭਾਸ਼ਾ ਵਿਚ ਮਲਵਈ ਅਤੇ ਕੈਨੇਡੀਅਨ ਆਂਚਲਿਕਤਾ ਦੀ ਪ੍ਰਧਾਨਤਾ ਹੈ। ਇਨ੍ਹਾਂ ਫ਼ਿਲਮਾਂ ਦੀ ਭਾਸ਼ਾ ਵਿਚ ਕੋਮਲਤਾ ਤੇ ਸ਼ਿਸ਼ਟਾਚਾਰ ਹੈ।

ਪੁਰਾਣਾ ਪੰਜਾਬੀ ਸਿਨੇਮਾ (ਵਰਿੰਦਰ, ਸਤੀਸ਼ ਕੌਲ, ਯੋਗਰਾਜ ਤੇ ਗੁੱਗੂ ਗਿੱਲ ਦੇ ਸਮੇਂ ਦਾ) ਪਿੰਡ ਦੇ ਸੀਮਿਤ ਦਾਇਰੇ ਤੱਕ ਸੀਮਿਤ ਸੀ। ਫ਼ਿਲਮ ਦੇ ਪਾਤਰਾਂ ਦਾ ਸ਼ਹਿਰੀ ਜੀਵਨ ਨਾਲ ਕੋਈ ਸੰਬੰਧ ਦਿਖਾਈ ਨਹੀਂ ਦਿੰਦਾ ਸੀ। ਨਵੇਂ ਪੰਜਬੀ ਸਿਨੇਮੇ ਦਾ ਲੋਕੇਲ ਬਰਦਲ ਗਿਆ ਹੈ। ਇਹ ਪਿੰਡ, ਸ਼ਹਿਰ, ਕਾਲਜ, ਯੂਨੀਵਰਸਿਟੀ ਤੇ ਵਿਦੇਸ਼ ਤੱਕ ਦੀਆਂ ਲੋਕੇਸ਼ਨਾਂ ਨੂੰ ਆਪਣੀ ਸਿਨੇਮਾਟੋਗਰਾਫ਼ੀ ਦੇ ਦਾਇਰੇ ਵਿਚ ਲੈ ਆਉਂਦਾ ਹੈ। ਇੰਞ ਜਾਪਦਾ ਹੈ ਕਿ ਪਿੰਡ ਦੇ ਮੁਕਾਬਲੇ 'ਤੇ ਸ਼ਹਿਰ ਨੂੰ ਉੱਚਾ ਸਮਝੇ ਜਾਣ ਦੀ ਮਾਨਸਿਕ ਗੁੰਝਲ ਹੁਣ ਨਹੀਂ ਰਹੀ।

ਪਿਛਲੇ ਸਾਲਾਂ ਵਿਚ ਸਭ ਤੋਂ ਵੱਧ ਧਿਆਨ ਡਾਇਸਪੋਰਕ ਫ਼ਿਲਮਾਂ ਨੇ ਖਿੱਚਿਆ ਹੈ। ਮਨਮੋਹਨ ਅਤੇ ਹਰਭਜਨ ਮਾਨ ਦੀ ਜੋੜੀ ਵੱਲੋਂ ਬਣਾਈਆਂ ਫ਼ਿਲਮਾਂ ('ਜੀ ਆਇਆਂ ਨੂੰ', 'ਅਸਾਂ ਨੂੰ ਮਾਣ ਵਤਨਾਂ ਦਾ', 'ਮਿੱਟੀ ਵਾਜਾਂ ਮਾਰਦੀ', 'ਦਿਲ ਆਪਣਾ ਪੰਜਾਬੀ', 'ਮੇਰਾ ਪਿੰਡ ਮਾਈ ਹੋਮ') ਨੇ ਪੰਜਾਬੀ ਸਿਨੇਮੇ ਨੂੰ ਰਾਸ਼ਟਰੀ ਤੋਂ ਅੰਤਰਪਾਰ ਰਾਸ਼ਟਰੀ ਦਿਖ ਪ੍ਰਦਾਨ ਕੀਤੀ। ਇਸਨੇ ਅਲਗ-ਅਲਗ ਦੇਸ਼ਾਂ ਵਿਚ ਵਸੇ ਪੰਜਾਬੀਆਂ ਨੂੰ ਇਕ ਸਾਂਝਾ ਮਨੋਰੰਜਨ ਚਬੂਤਰਾ ਪ੍ਰਦਾਨ ਕਰਦਿਆਂ ਉਨ੍ਹਾਂ ਨੂੰ ਇਕ ਲੜੀ ਵਿਚ ਪਰੋ ਦਿਤਾ। ਇਨ੍ਹਾਂ ਫ਼ਿਲਮਾਂ ਨੇ ਪੰਜਾਬੀ ਸਿਨੇਮੇ ਦੀ ਮਾਰਕੀਟ ਦਾ ਘੇਰਾ ਮੋਕਲਾ ਕੀਤਾ ਹੈ।

ਪਰਵਾਸ ਦਾ ਵਰਤਾਰਾ ਉਨੀਵੀਂ ਸਦੀ ਦੇ ਅਖੀਰਲੇ ਸਾਲਾਂ ਵਿਚ ਸ਼ੁਰੂ ਹੋਇਆ। ਇਸ ਬਾਰੇ ਸਾਹਿਤਕ ਰਚਨਾਵਾਂ ਵੀਹਵੀਂ ਸਦੀ ਦੇ ਪਿਛਲੇ ਅੱਧ ਵਿਚ ਵਿਸ਼ੇਸ਼ ਕਰਕੇ ਪਿਛਲੇ ਦਹਾਕਿਆਂ ਵਿਚ ਸਾਹਮਣੇ ਆਉਣ ਲਗੀਆਂ। ਇਕੀਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਡਾਇਸਪੋਰਾ ਪੰਜਾਬੀ ਸਿਨੇਮੇ ਦਾ ਮਨਭਾਉਂਦਾ ਵਿਸ਼ਾ ਬਣ ਗਿਆ। ਹਿੰਦੀ ਸਿਨੇਮੇ ਦੇ ਨੰਬਰ ਇਕ ਮੰਨੇ ਜਾਂਦੇ ਸਿਨੇਮਾਟੋਗਰਾਫਰ ਮਨਮੋਹਨ ਦੀ ਪੰਜਾਬੀ ਸਿਨੇਮੇ ਵੱਲ ਵਾਪਸੀ ਪੰਜਾਬੀ ਸਿਨੇਮੇ ਲਈ ਵਰਦਾਨ ਸਾਬਤ ਹੋਈ। ਇਸਨੇ ਪੰਜਾਬੀ ਸਿਨੇਮੇ ਨਾਲੋਂ ਨਫ਼ਰਤੀ ਅੰਦਾਜ਼ ਵਿਚ ਟੁੱਟ ਚੁੱਕੇ ਦਰਸ਼ਕਾਂ ਦੀ ਮੁਹਾਰ ਨੂੰ ਘਰ ਵਲ ਮੋੜਿਆ।

ਪੰਜਾਬ ਦੀਆਂ ਡਾਇਸਪੋਰਕ ਫ਼ਿਲਮਾਂ ਨੇ ਵਿਕਸਿਤ ਦੇਸ਼ਾਂ ਦੀ ਸਾਫ਼ ਸੁਥਰੀ ਲੈਂਡਸਕੇਪ ਤੇ ਚਕਾਚੌਂਧ ਜੀਵਨ ਵਿਚ ਪੰਜਾਬੀਆਂ ਦੀ ਸ਼ਾਨਦਾਰ ਸਪੇਸ ਨੂੰ ਮਿਊਜ਼ੀਕਾਲ ਅੰਦਾਜ਼ ਵਿਚ ਪੰਜਾਬੀ ਥਇਏਟਰਾਂ ਵਿਚ ਖੋਲ ਦਿੱਤਾ। ਇਨ੍ਹਾਂ ਫ਼ਿਲਮਾਂ ਨੇ ਪੰਜਾਬ ਦੇ ਖੇਤਾਂ ਦੀ ਖ਼ੂਬਸੂਰਤੀ 'ਤੇ ਪੰਜਾਬ ਦੇ ਪਿੰਡ ਤੇ ਸ਼ਹਿਰ ਨੂੰ ਕੈਨੇਡਾ, ਅਮਰੀਕਾ, ਇਟਲੀ, ਅਸਟ੍ਰੇਲੀਆ ਦੇ ਸਿਨੇਮਾ ਹਾਲਾਂ ਵਿਚ ਪੰਜਾਬ ਦੇ ਹੇਰਵੇ ਦੇ ਸ਼ਿਕਾਰ ਪਰਵਾਸੀ ਪੰਜਾਬੀਆਂ ਅੱਗੇ ਪਰੋਸ ਦਿੱਤਾ। ਇਨ੍ਹਾਂ ਫ਼ਿਲਮਾਂ ਵਿਚ ਵਿਕਸਿਤ ਦੇਸ਼ਾਂ ਦੇ ਸਭਿਆਚਾਰ ਵਿਚ ਜੰਮੀ ਪਲੀ ਹਾਈਬ੍ਰਿਡ ਕਿਸਮ ਦੀ ਨੌਜਵਾਨ ਪੀੜ੍ਹੀ ਪੰਜਾਬ ਦੀ ਦੇਸੀ ਪੜ੍ਹੀ-ਲਿਖੀ ਨੌਜਵਾਨ ਪੀੜ੍ਹੀ ਨਾਲ ਸੰਵਾਦ ਦੀ ਸਥਿਤੀ ਵਿਚ ਦਿਖਾਈ ਦਿੰਦੀ ਹੈ।

ਨਿਸ਼ਚੇ ਹੀ ਇਨ੍ਹਾਂ ਫ਼ਿਲਮਾਂ ਦੇ ਚੰਗੇ ਤੇ ਮਾੜੇ ਪ੍ਰਭਾਵ ਪੰਜਾਬ ਉਪਰ ਪਏ ਹਨ। ਇਨ੍ਹਾਂ ਫ਼ਿਲਮਾਂ ਦੀਆਂ ਸੀਮਾਵਾਂ ਵੀ ਹਨ। ਇਹ ਪਰਵਾਸ ਕਾਰਨ ਰਿਸ਼ਤਿਆਂ ਵਿਚ ਹੁੰਦੀ ਹਿਲ-ਜੁਲ ਨੂੰ ਤਾਂ ਫੋਕਸ ਵਿਚ ਲਿਆਉਂਦੀਆਂ ਹਨ, ਪਰ ਪਰਵਾਸ ਦੀਆਂ ਔਖਿਆਈਆਂ ਇਨ੍ਹਾਂ ਫ਼ਿਲਮਾਂ ਵਿਚ ਗ਼ੈਰ ਹਾਜ਼ਰ ਹਨ। ਨਸਲੀ-

ਭੇਦ-ਭਾਵ, ਕੰਮ ਦੀਆਂ ਹਾਲਤਾਂ, ਪੱਕੇ ਹੋਣ ਦੀ ਲੰਮੀ ਉਡੀਕ ਆਦਿ ਮਸਲੇ ਇਨ੍ਹਾਂ ਫ਼ਿਲਮਾਂ ਵਿਚ ਨਹੀਂ ਉਭਾਰੇ ਗਏ। ਇਹ ਫ਼ਿਲਮਾਂ ਪੰਜਾਬ ਅਤੇ ਪਰਵਾਸੀਆਂ ਦੇ ਖਾਂਦੇ ਪੀਂਦੇ ਧਨਾਢ ਵਰਗ ਦੀਆਂ ਫ਼ਿਲਮਾਂ ਹਨ। ਪੰਜਾਬ ਅਤੇ ਵਿਦੇਸ਼ ਵਿਚ ਆਪਣਾ ਆਰਥਿਕ ਤੇ ਸਮਾਜਿਕ ਸੰਘਰਸ਼ ਲੜ ਰਹੇ ਬੰਦੇ ਦੀਆਂ ਫ਼ਿਲਮਾਂ ਅਜੇ ਬਣਨੀਆਂ ਹਨ। ਉੱਤਰ ਆਧੁਨਿਕ ਚਿੰਤਨ ਵਿਚ ਉਨ੍ਹਾਂ ਕਲਾ ਕਿਰਤਾਂ ਨੂੰ ਵਿਸ਼ੇਸ਼ ਸਥਾਨ ਦਿੱਤਾ ਗਿਆ ਹੈ ਜਿਨ੍ਹਾਂ ਵਿਚ ਘੱਟ ਗਿਣਤੀ ਜਾਂ ਹਾਸ਼ੀਏ ਤੇ ਵਿਚਰਦੇ ਲੋਕਾਂ ਨੂੰ ਕੇਂਦਰ ਵਿਚ ਰੱਖਿਆ ਗਿਆ ਹੈ। ਆਪਣੇ ਬਹੁਤ ਛੋਟੇ ਦਾਇਰੇ ਦੇ ਬਾਵਜੂਦ ਪੰਜਾਬੀ ਸਿਨੇਮੇ ਵਿਚ ਕੁਝ ਅਜਿਹੀਆਂ ਫਿਲਮਾਂ ਬਣੀਆਂ ਹਨ। ਗੁਰਦਿਆਲ ਸਿੰਘ ਦੇ ਨਾਵਲ 'ਮੜ੍ਹੀ ਦਾ ਦੀਵਾ' ਤੇ ਆਧਾਰਿਤ ਇਸੇ ਨਾਂ ਦੀ ਫ਼ਿਲਮ ਨੇ ਭਰਵੀਂ ਪ੍ਰਸ਼ੰਸਾ ਹਾਸਲ ਕੀਤੀ ਹੈ। ਇਹ ਫ਼ਿਲਮ ਦਲਿਤ ਅਤੇ ਲਾਗੀ ਸ਼੍ਰੇਣੀ ਦੇ ਪਾਤਰਾਂ ਨੂੰ ਬਹੁਤ ਬਾਰੀਕੀ ਨਾਲ ਚਿਤਰਦੀ ਹੈ। ਇਸ ਫ਼ਿਲਮ ਨੇ ਆਪਣੀ ਕਲਾਤਮਕ ਬਣਤਰ, ਪ੍ਰੌਢ ਅਦਾਕਾਰੀ ਅਤੇ ਕਲਾਸਿਕ ਦਰਜਾ ਪ੍ਰਾਪਤ ਕਰ ਚੁੱਕੀ ਕਥਾ ਨੂੰ ਫਿਲਮਾਉਣ ਸਦਕਾ ਕਈ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਇਨਾਮ ਪ੍ਰਾਪਤ ਕੀਤੇ ਹਨ।

ਇਸੇ ਕਿਸਮ ਦੀ ਇਕ ਅਤੀ ਗੰਭੀਰ ਫ਼ਿਲਮ ਸੁਬੀਹਾ ਸੁਮਰ ਦੇ ਨਿਰਦੇਸ਼ਨ ਹੇਠ ਦੋ ਕੁ ਸਾਲ ਪਹਿਲਾਂ ਬਣੀ ਹੈ- 'ਖਾਮੋਸ਼ ਪਾਣੀ' (Silent Water) ਦੇਖਣ ਨੂੰ ਇਹ ਫ਼ਿਲਮ 1947 ਦੀ ਵੰਡ ਨਾਲ ਸੰਬੰਧਤ ਹੈ, ਪਰ ਇਹ ਫ਼ਿਲਮ ਜੀਵਨ ਦੇ ਕੁਝ ਜ਼ਰੂਰੀ ਸਵਾਲਾਂ ਨੂੰ ਮੁਖਾਤਿਬ ਹੋਣ ਲਈ ਬਣਾਈ ਗਈ ਹੈ। ਭਾਰਤ ਤੇ ਪਾਕਿਸਤਾਨ ਦੇ ਕਾਲਾਕਾਰਾਂ ਨੂੰ ਲੈ ਕੇ ਬਣਾਈ ਗਈ ਇਸ ਫ਼ਿਲਮ ਨੂੰ ਪੰਜਾ ਸਾਹਿਬ ਦੇ ਨੇੜੇ-ਤੇੜੇ ਫਿਲਮਾਇਆ ਗਿਆ ਹੈ। ਇਹ ਦੋਵੇਂ ਫ਼ਿਲਮਾਂ ਆਰਟ ਫ਼ਿਲਮਾਂ ਹਨ।

ਦੋ ਕਮਰਸ਼ੀਅਲ ਫ਼ਿਲਮਾਂ ਦਾ ਵੀ ਜਿਥੇ ਜ਼ਿਕਰ ਕਰਨਾ ਬਣਦਾ ਹੈ ਜਿਨ੍ਹਾਂ ਨੇ ਪੰਜਾਬੀ ਸਿਲੇਮੇ ਵਿਚੋਂ ਜੱਟਾਂ ਦੀ ਹੈਜਮਨੀ ਨੂੰ ਤੋੜਿਆ ਹੈ। ਇਨ੍ਹਾਂ ਵਿਚੋਂ ਪਹਿਲੀ ਹੈ ਗੁਰਦਾਸ ਮਾਨ ਦੀ 'ਮਾਮਲਾ ਗੜਬੜ ਹੈ' ਦੂਜੀ ਫ਼ਿਲਮ ਹੈ 'ਪਿੰਡ ਦੀ ਕੁੜੀ'। ਹਾਲਾਂਕਿ ਇਹ ਫ਼ਿਲਮ 'ਏਕ ਚਾਦਰ ਮੈਲੀ ਸੀ' ਦੇ ਚਰਚਿਤ ਡਾਇਰੈਕਟਰ ਸੁਖਵੰਤ ਚੱਢਾ ਵੱਲੋਂ ਬਣਾਈ ਗਈ ਪਰ ਇਹ ਫ਼ਿਲਮ ਤਕਨੀਕੀ ਤੌਰ ਤੇ ਬਹੁਤ ਹਲਕੇ ਪੱਧਰ ਦੀ ਫ਼ਿਲਮ ਸਿੱਧ ਹੋਈ।

ਨਵਾਂ ਪੰਜਾਬੀ ਸਿਨੇਮਾ ਆਪਣੀ ਕਥਾ ਅਤੇ ਕਾਮਰਸ ਦੇ ਪੱਖ ਤੋਂ ਪੰਜਾਬੀ ਸੰਗੀਤ ਇੰਡਸਟਰੀ, ਪੰਜਾਬੀ ਕਾਮੇਡੀ ਇੰਡਸਟਰੀ ਤੇ ਪਰਵਾਸ ਨਾਲ ਜੁੜਿਆ ਹੋਇਆ ਹੈ। ਨਵੀਂ ਕਿਸਮ ਦੀ ਪਹਿਲੀ ਪੰਜਾਬੀ ਫ਼ਿਲਮ ਪੰਜਾਬੀ ਗਾਇਕੀ ਦੇ ਉਦੋਂ ਦੇ ਨਵੇਂ ਸਟਾਰ ਗੁਰਦਾਸ ਮਾਨ ਨੂੰ ਲੈ ਕੇ 'ਮਾਮਲਾ ਗੜਬੜ ਹੈ' ਬਣਾਈ ਗਈ। ਪੰਦਰਾਂ ਸਾਲਾਂ ਦੇ ਵਕਫ਼ੇ ਬਾਅਦ ਇਸ ਨਵੇਂ ਸਿਨੇਮੇ ਦੀ ਦੁਬਾਰਾ ਸ਼ੁਰੂਆਤ ਪੰਜਾਬੀ ਕਾਮੇਡੀਅਨ ਜਸਪਾਲ ਭੱਟੀ ਨੇ ਫ਼ਿਲਮ 'ਮਾਹੌਲ ਠੀਕ ਹੈ' ਨਾਲ ਕੀਤੀ। ਗੁਰਦਾਸ ਮਾਨ ਦੁਬਾਰਾ ਫਿਰ 'ਸ਼ਹੀਦ-ਏ-ਮੁਹੱਬਤ ਬੂਟਾ ਸਿੰਘ' ਲੈ ਕੇ ਹਾਜ਼ਰ ਹੋਇਆ। ਨਵੇਂ ਪੰਜਾਬੀ ਸਿਨੇਮੇ ਦੀ ਹੁਣੇ-ਹੁਣੇ ਆਈ ਤੇ ਹਿੱਟ ਹੋਈ ਫ਼ਿਲਮ 'ਹਸ਼ਰ' ਪੰਜਾਬੀ ਦੇ ਸਟਾਰ ਗਾਇਕ ਬੱਬੂ ਮਾਨ ਨੂੰ ਲੈ ਕੇ ਬਣੀ ਹੈ। ਇਸੇ ਤਰ੍ਹਾਂ ਪਰਵਾਸ ਇਨ੍ਹਾਂ ਫ਼ਿਲਮਾਂ ਨਾਲ ਕਿਸੇ ਨਾ ਕਿਸੇ ਪੱਖ ਤੋਂ ਜੁੜ ਗਿਆ ਹੈ। ਜਿਨ੍ਹਾਂ ਫ਼ਿਲਮਾਂ ਵਿਚ ਪਰਵਾਸੀ ਪੰਜਾਬੀ ਜੀਵਨ ਦਾ ਕੋਈ ਨਾ ਕੋਈ ਪੱਖ ਛੂਹਿਆ ਜਾਂਦਾ ਹੈ, ਉਹ ਫ਼ਿਲਮਾਂ ਵੱਧ ਵਿਉਪਾਰ ਕਰਦੀਆਂ ਹਨ। ਬੱਬੂ ਮਾਨ ਦੀ 'ਹਸ਼ਰ' ਪਰਵਾਸ ਦੇ ਮਸਲੇ ਤੋਂ ਹਟਕੇ ਬਣਾਈ ਗਈ ਹੈ ਪਰ ਇਹ 'ਹਿੰਸਾ' ਨੂੰ ਆਪਣੀ ਤਾਕਤ ਬਣਾਕੇ ਚੱਲਦੀ ਹੈ।

ਇਹ ਫ਼ਿਲਮਾਂ ਕਮਰਸ਼ੀਅਲ ਫ਼ਿਲਮਾਂ ਹਨ। ਫ਼ਿਲਮੀ ਕਾਮਰਸ ਦੀਆਂ ਪੁਰਾਣੀਆਂ ਮਜ਼ਬੂਰੀਆਂ ਹਨ। ਇਨ੍ਹਾਂ ਨੂੰ ਬਣਾਉਣਾ ਤੇ ਅਵਾਮ ਤੱਕ ਪਹੁੰਚਾਉਣਾ ਇਕ ਮਹਿੰਗਾ ਕਾਰਜ ਹੈ। ਇਹ ਇਕ ਸਮੂਹਿਕ ਕਾਰਜ ਹੈ ਸਾਹਿਤ ਰਚਨਾ ਵਰਗਾ ਵਿਅਕਤੀਗਤ ਕਾਰਜ ਨਹੀਂ। 'ਬਾਜ਼ਾਰ ਮੁੱਖੀ' ਹੋਣਾ ਇਨ੍ਹਾਂ ਦੀ ਮਜ਼ਬੂਰੀ ਵੀ ਹੈ।

ਲੋੜ ਇਸ ਗੱਲ ਦੀ ਹੈ ਕਿ ਗੰਭੀਰ (ਮੜ੍ਹੀ ਦਾ ਦੀਵਾ ਅਤੇ ਖਾਮੋਸ਼ ਪਾਣੀ) ਸਿਨੇਮੇ ਅਤੇ ਕਮਰਸ਼ੀਅਲ ਸਿਨੇਮੇ ਦੇ ਵਿਚਕਾਰ ਇਕ ਅਰਥ ਭਰਪੂਰ ਵਪਾਰਕ ਸਿਨੇਮਾ ਪੈਦਾ ਕੀਤਾ ਜਾਵੇ। ਇਸ ਪਾਸੇ ਗੁਰਦਾਸ ਮਾਨ ਦੇ ਯਤਨ ਬਹੁਤ ਸ਼ਲਾਘਾਯੋਗ ਹਨ। ਉਸ ਦੀਆਂ ਫ਼ਿਲਮਾਂ 'ਦੇਸ ਹੋਇਆ ਪਰਦੇਸ' ਅਤੇ 'ਵਾਰਿਸ-ਸੁਖਨ ਦਾ ਵਾਰਿਸ' ਇਸ ਪੱਖੋਂ ਸਫਲ ਫ਼ਿਲਮਾਂ ਹਨ। 'ਦੇਸ ਹੋਇਆ ਪਰਦੇਸ' ਪੰਜਾਬ ਸੰਕਟ ਦੀ ਗਾਥਾ ਹੈ। ਮਰਹੂਮ ਮਨੋਜ ਪੁੰਜ ਦੀ ਡਾਇਰੈਕਸ਼ਨ ਹੇਠ ਬਣੀ ਇਹ ਇਕ ਉੱਚ ਪੱਧਰ ਦੀ ਕਲਾਤਮਕ ਤੇ ਕਮਰਸ਼ੀਅਲ ਫ਼ਿਲਮ ਹੈ।

'ਵਾਰਿਸ-ਸੁਖਨ ਦਾ ਵਾਰਿਸ' ਕਿੱਸਾ ਹੀਰ ਦੇ ਰਚਣਹਾਰ ਵਾਰਿਸ ਸ਼ਾਹ ਦੇ ਜੀਵਨ ਤੇ ਆਧਾਰਿਤ ਹੈ। ਇਸ ਫ਼ਿਲਮ ਵਿਚ ਖੋਜ ਅਤੇ ਕਲਪਨਾ ਦੇ ਆਧਾਰ ਤੇ ਵਾਰਿਸ ਸ਼ਾਹ ਦੇ ਜੀਵਨ ਅਤੇ ਮੱਧਯੁਗ ਦੇ ਸਮਾਜਿਕ ਆਲੇ-ਦੁਆਲੇ ਨੂੰ ਸਮਝਣ ਦਾ ਯਤਨ ਕੀਤਾ ਗਿਆ। ਕੈਮਰੇ ਨੂੰ ਆਧੁਨਿਕ ਸਭਿਅਤਾ ਤੋਂ ਦੂਰ ਰੱਖਕੇ ਇਕ ਮੱਧਯੁਗੀ ਪੰਜਾਬੀ ਪਿੰਡ ਸਿਰਜਿਆ ਗਿਆ। ਇਸ ਫ਼ਿਲਮ ਨੂੰ ਦੇਖਣਾ ਇਤਿਹਾਸ ਦੀ ਯਾਤਰਾ ਕਰਨ ਵਾਂਗ ਹੈ।

ਪੰਜਾਬੀ ਸਿਨੇਮੇ ਨੂੰ ਜਿਉਂਦਾ ਰੱਖਣ ਵਿਚ ਹਿੰਦੀ ਸਿਨੇਮੇ ਦੇ ਸਟਾਰ ਰਹਿ ਚੁੱਕੇ ਅਦਾਕਾਰ ਰਾਜ ਬੱਬਰ ਦਾ ਯੋਗਦਾਨ ਵਿਲੱਖਣ ਤਰ੍ਹਾਂ ਦਾ ਹੈ। ਉਸਦੇ ਹਿੰਦੀ ਸਿਨੇਮੇ ਵਿਚ ਬਣੇ ਹੋਏ ਵੱਡੇ ਕੱਦ ਬੁੱਤ ਦੀ ਪੰਜਾਬੀ ਸਿਨੇਮੇ ਵਿਚ ਹਾਜ਼ਰੀ ਪੰਜਾਬੀ ਸਿਨੇਮੇ ਦੀ ਭਲੀ ਚਾਹੁਣ ਵਾਲਿਆਂ ਦਾ ਦਿਲ ਧਰਾਉਂਦੀ ਰਹੀ ਹੈ। ਮੁਜ਼ਾਰਾ ਕਿਸਾਨਾਂ ਦੇ ਜੀਵਨ ਤੇ ਆਧਾਰਿਤ ਚਿਤਰਾਰਥ ਦੀ ਨਿਰਦੇਸ਼ਕਾ ਹੇਠ ਬਣੀ ਉਸਦੀ ਫ਼ਿਲਮ 'ਚੰਨ ਪਰਦੇਸੀ' ਪੰਜਾਬੀ ਸਿਨੇਮੇ ਵਿਚ ਮੀਲ ਪੱਥਰ ਸਿੱਧ ਹੋਈ। ਉਸਨੇ ਹਰਪਾਲ ਟਿਵਾਣਾ ਦੀ ਨਿਰਦੇਸ਼ਨ ਹੇਠ 'ਲੌਂਗ ਦਾ ਲਿਸ਼ਕਾਰਾ' ਵਰਗੀ ਸਾਫ਼ ਸੁਥਰੀ ਤੇ ਨਿਆਰੀ ਫ਼ਿਲਮ ਪੰਜਾਬੀ ਸਿਨੇਮੇ ਨੂੰ ਦਿੱਤੀ। ਪੰਜਾਬੀ ਸਿਨੇਮੇ ਦੇ ਨਵੇਂ ਦੌਰ ਨੂੰ ਸ਼ੁਰੂ ਕਰਨ ਵਾਲੀਆਂ ਫ਼ਿਲਮਾਂ ਵਿਚ ਉਸਦੀ 'ਸ਼ਹੀਦ ਉਧਮ ਸਿੰਘ' (ਡਾਇਰੈਕਟਰ ਚਿਤਰਾਰਥ) ਦਾ ਵਿਸ਼ੇਸ਼ ਰੋਲ ਹੈ। ਸ਼ਹੀਦ ਉਧਮ ਸਿੰਘ ਬਾਰੇ ਕੋਈ ਵਧੇਰੇ ਇਤਿਹਾਸਕ ਵੇਰਵੇ ਜਾਂ ਚਿੰਤਨ ਉਪਲਬਧ ਨਹੀਂ ਹੈ ਇਹ ਫ਼ਿਲਮ ਇਕ ਅਣਗੌਲੇ ਇਤਿਹਾਸਕ ਨਾਇਕ ਨੂੰ ਚਰਚਾ ਦੇ ਕੇਂਦਰ ਵਿਚ ਤਾਂ ਲਿਆਉਂਦੀ ਹੀ ਹੈ ਇਸਦੇ ਨਾਲ ਹੀ ਇਹ ਉਧਮ ਸਿੰਘ ਦੇ ਕਿਰਦਾਰ ਨੂੰ ਅਸਲੋਂ ਨਵੀਂ ਪੀੜ੍ਹੀ ਦੇ ਰੂ-ਬ-ਰੂ ਵੀ ਕਰਦੀ ਹੈ।

ਗੁਰਦਾਸ ਮਾਨ, ਹਰਭਜਨ ਮਾਨ, ਬੱਬੂ ਮਾਨ, ਜਿੰਮੀ ਸ਼ੇਰਗਿਲ ਆਦਿ ਦੀ ਚੰਗੀ ਅਦਾਕਾਰੀ ਦੇ ਬਾਵਜੂਦ ਪੰਜਾਬੀ ਸਿਨੇਮੇ ਨੂੰ ਭਵਿੱਖ ਵਿਚ ਟਿਕਾਊ ਤੇ ਪ੍ਰੋਫ਼ੈਸ਼ਨਲ ਮੁੱਖ ਅਦਾਕਾਰ (ਆਮ ਪ੍ਰਚਲਤ ਅਰਥਾਂ ਵਿਚ ਹੀਰੋ) ਦੀ ਉਡੀਕ ਹੈ। ਦਲਜੀਤ ਕੌਰ ਤੇ ਪ੍ਰੀਤੀ ਸਪਰੂ ਵਰਗੀਆਂ ਅਦਾਕਾਰਾਂ ਤੋਂ ਬਾਅਦ ਕੋਈ ਅਦਾਕਾਰ (ਕਿੰਮੀ ਵਰਮਾ ਤੇ ਜੂਹੀ ਚਾਵਲਾ ਦੀਆਂ ਕੁਝ ਕਾਮਯਾਬ ਫ਼ਿਲਮਾਂ ਦੇ ਬਾਵਜੂਦ) ਹੀਰੋਇਨ ਵਜੋਂ ਪੱਕੇ ਤੌਰ ਤੇ ਨਹੀਂ ਬਣ ਸਕੀ। ਹਰ ਸਾਲ ਪੰਜਾਬੀ ਫ਼ਿਲਮ ਮੇਕਰਾਂ ਨੂੰ ਮਿਸ ਪੰਜਾਬਣ ਮੁਕਾਬਲਿਆਂ ਵੱਲ ਦੇਖਣਾ ਪੈਂਦਾ ਹੈ।

ਸਿਨੇਮਾ ਸਭਿਆਚਾਰਕ ਸਿਰਜਣਾਵਾਂ ਦਾ ਅਜੋਕੇ ਦੌਰ ਦਾ ਤਾਕਤਵਰ ਮੀਡੀਆ ਹੈ। ਇਸ ਰਾਹੀਂ ਪੰਜਾਬੀ ਸਭਿਆਚਾਰ ਇਕ ਕੌਮ ਦੇ ਨਿਰਮਾਣ ਵਿਚ ਜੁਟਿਆ ਪ੍ਰਤੀਤ ਹੁੰਦਾ ਹੈ। ਕਿਸੇ ਵੀ ਭਾਸ਼ਾ ਦੀ ਹੋਂਦ ਵਾਸਤੇ ਸਿਨੇਮਾ ਵਰਗੇ ਮੀਡੀਆ ਦਾ ਹੋਣਾ ਬਹੁਤ ਜ਼ਰੂਰੀ ਹੈ। ਇਸ ਪ੍ਰਕਾਰ ਇਨ੍ਹਾਂ ਕਮੀਆਂ ਦੇ ਯਤਨਾਂ ਦੇ ਬਾਵਜੂਦ ਪੰਜਾਬੀ ਸਿਨੇਮਾ ਆਪਣੇ ਪੈਰ ਪੱਕੇ ਕਰਨ ਦੀ ਅਥਾਹ ਕੋਸ਼ਿਸ਼ ਕਰ ਰਿਹਾ ਹੈ। ਇਨ੍ਹਾਂ ਕੋਸ਼ਿਸ਼ਾਂ ਵਿਚ ਉਹ ਪੰਜਾਬੀ ਜੀਵਨ ਦੇ ਯਥਾਰਥ ਦੇ ਬਦਲੇ ਹੋਏ ਸਰੂਪ ਨੂੰ ਪੇਸ਼ ਕਰਨ ਦਾ ਵੀ ਯਤਨ ਕਰ ਰਿਹਾ ਹੈ।

ਫਿਲਮਾਂ ਵਿਚ ਕੀਤੇ ਗਏ ਇਕ ਹੋਰ ਯਤਨ ਦੀ ਗੱਲ ਕਰਨੀ ਬਹੁਤ ਜ਼ਰੂਰੀ ਹੈ ਜਿਸ ਨਾਲ ਫ਼ਿਲਮਾਂ ਦੇ ਤਕਨੀਕੀ ਵਿਕਾਸ ਦਾ ਪਤਾ ਲਗਦਾ ਹੈ। ਅੱਜ ਸਾਡੇ ਸਿੱਖ ਇਤਿਹਾਸ ਦੀਆਂ ਇਤਿਹਾਸਕ ਘਟਨਾਵਾਂ ਉੱਤੇ ਆਧਾਰਿਤ ਐਨੇਮੇਸ਼ਨ ਫ਼ਿਲਮਾਂ ਵੀ ਬਣ ਰਹੀਆਂ ਹਨ। ਜਿੱਥੇ ਇਨ੍ਹਾਂ ਦੇ ਵਿਸ਼ੇ ਪਹਿਲਾਂ ਪਹਿਲ ਬੱਚਿਆਂ ਦੇ ਕਾਰਟੂਨ ਫੇਰ ਲੋਕ ਕਹਾਣੀਆਂ ਅਤੇ ਮਿਥਿਹਾਸਕ ਘਟਨਾਵਾਂ ਸਮੇਂ ਅੱਜ ਅਸੀਂ ਸਿੱਖਿ ਇਤਿਹਾਸ ਨਾਲ ਸੰਬੰਧਤ, ਯੋਧਿਆਂ ਦੀਆਂ ਜੀਵਨੀਆਂ ਉੱਤੇ ਬਣੀਆਂ ਫ਼ਿਲਮਾਂ ਵੀ ਵੇਖ ਸਕਦੇ ਹਾਂ। ਇਨ੍ਹਾਂ ਫਿਲਮਾਂ ਨੂੰ ਹਰ ਕੋਈ ਵਿਸ਼ੇਸ਼ ਤੌਰ ਤੇ ਬੜੇ ਧਿਆਨ ਨਾਲ ਵੇਖਦੇ ਹਨ। ਇਨ੍ਹਾਂ ਦੀ ਵਜਹ ਨਾਲ ਅੱਜ ਦੇ ਬੱਚਿਆਂ ਨੂੰ ਇਨ੍ਹਾਂ ਇਤਿਹਾਸਕ ਘਟਨਾਵਾਂ ਅਤੇ ਯੋਧਿਆਂ, ਮਹਾਂਪੁਰਖਾਂ ਬਾਰੇ ਜਾਣਕਾਰੀ ਮਿਲਦੀ ਹੈ। ਇਹ ਇਕ ਕਾਮਯਾਬ ਯਤਨ ਹੈ। ਇਸਦੇ ਨਾਲ ਹੀ ਇਉਂ ਲਗਦਾ ਹੈ ਕਿ ਜਿਵੇਂ ਅਸੀਂ ਫ਼ਿਲਮ ਨਹੀਂ ਦੇਖ ਰਹੇ ਬਲਕਿ ਫ਼ਿਲਮ 'ਚ ਸ਼ਾਮਲ ਹਾਂ ਅਤੇ ਸਭ ਕੁਝ ਸਾਡੇ ਆਲੇ-ਦੁਆਲੇ ਹੀ ਘਟ ਰਿਹਾ ਹੈ। ਅਜਿਹੀਆਂ ਖੋਜਾਂ ਹੈਰਾਨੀਜਨਕ ਹਨ।

**ਸੰਦਰਭ ਸੂਚੀ**


1. ਸੂਬਾ ਸਿੰਘ, ਪੰਜਾਬੀ ਪੱਤਰਕਾਰੀ ਦਾ ਇਤਿਹਾਸ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ, 1974
2. ਕੁਲਦੀਪ ਸਿੰਘ, ਪੱਤਰਕਾਰੀ, ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ, 1962
3. ਮੇਘਾ ਸਿੰਘ, ਪੰਜਾਬੀ ਪੱਤਰਕਾਰੀ ਦਾ ਇਤਿਹਾਸ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2001

4. ਮੇਘਾ ਸਿੰਘ, ਪੰਜਾਬੀ ਪੱਤਰਕਾਰੀ ਦੇ ਸਾਹਿਤਕ ਸਰੋਕਾਰ ਅਤੇ ਸੀਮਾਵਾਂ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2003
5. ਅਰੋੜਾ, ਹਰੀਸ਼, (ਡਾ), ਜਨਸੰਚਾਰ (ਹਿੰਦੀ), ਯੁਵਾ ਸਾਹਿਤ ਮੰਡਲ, ਨਵੀਂ ਦਿੱਲੀ, 2009
6. ਅਰੋੜਾ, ਹਰੀਸ਼, (ਡਾ), ਇਲੈਕਟ੍ਰਾਨਿਕ ਮੀਡੀਆ ਲੇਖਨ (ਹਿੰਦੀ), ਕੇ. ਕੇ. ਪਬਲੀਕੇਸ਼ਨ, ਨਵੀਂ ਦਿੱਲੀ, 2009
7. ਰਾਜਿੰਦਰ ਸਿੰਘ (ਡਾ), ਪੰਜਾਬੀ ਡਾਇਸਪੋਰਾ ਸਾਹਿਤ ਅਤੇ ਸਭਿਆਚਾਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2012
8. ਮਾਂਗਟ, ਜਸਵਿੰਦਰ ਕੌਰ (ਸੰ), ਪੰਜਾਬੀ ਡਾਇਸਪੋਰਾ: 22ਵੀਂ ਅੰਤਰਰਾਸ਼ਟਰੀ ਪੰਜਾਬੀ ਵਿਕਾਸ ਕਾਨਫਰੰਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2007
9. ਨਸਰਾਲੀ, ਬਲਜਿੰਦਰ ਸਿੰਘ, ਪੰਜਾਬੀ ਸਿਨੇਮਾ ਅਤੇ ਸਾਹਿਤ: ਸਮਕਾਲੀ ਸੰਧਰਭ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2010